ਸਫ਼ਾ ਇਕ ਦੀ ਬਾਕੀ...

ਅਲਵਿਦਾ 2013

ਜੁਲਾਈ

1 ਜੁਲਾਈ ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਵਿਰੇਂਦਰ ਕਟਾਰੀਆ ਪਾਡੂਚੇਰੀ ਦੇ ਉਪ ਰਾਜਪਾਲ ਨਿਯੁਕਤ।

2 ਜੁਲਾਈ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਪਹਿਲੀ ਵਾਰ ਬਰੇਲ ਲਿੱਪੀ ਵਿਚ ਲਿੱਪੀਅੰਤਰ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਅਤੇ ਭਾਈ ਗੁਰਮੇਜ ਸਿੰਘ ਦਾ ਸਨਮਾਨ।

2 ਜੁਲਾਈ ਪੰਜਾਬ ਸਰਕਾਰ ਵਲੋਂ ਲੈਫ਼ਟੀ. ਜਨਰਲ ਮਨਜਿੰਦਰ ਸਿੰਘ ਬੁੱਟਰ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਮੁਖੀ ਨਿਯੁਕਤ।

6 ਜੁਲਾਈ ਫ਼ਰਾਂਸ ਦੀ ਮੇਰੀਅਨ ਬਾਰਤੋਲੀ ਬਣੀ ਵਿੰਬਲਡਨ ਟੈਨਿਸ ਦੀ ਨਵੀਂ ਮਲਿਕਾ।

7 ਜੁਲਾਈ ਵਿੰਬਲਡਨ ਟੈਨਿਸ ਪੁਰਸ਼ ਡਬਲਜ਼ ਖ਼ਿਤਾਬ ਜਿੱਤ ਕੇ ਬ੍ਰਾਇਨ ਭਰਾਵਾਂ ਬੌਬ ਅਤੇ ਮਾਈਕ ਨੇ ਰਚਿਆ ਇਤਿਹਾਸ।

12 ਜੁਲਾਈ ਬਾਲੀਵੁੱਡ ਦੇ ਅਪਣੇ ਜ਼ਮਾਨੇ ਦੇ ਨਾਮੀ ਅਦਾਕਾਰ ਤੇ ਖ਼ਲਨਾਇਕ ਪ੍ਰਾਣ ਨਹੀਂ ਰਹੇ।

15 ਜੁਲਾਈ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਵਿੰਦਰਪਾਲ ਸਿੰਘ ਨੂੰ ਛੇ ਸਾਲ ਕੈਦ, ਡੇਢ ਲੱਖ ਰੁ: ਜੁਰਮਾਨਾ।

15 ਜੁਲਾਈ ਗਰੈਂਡ ਮਾਸਟਰ ਤੇ ਸਾਬਕਾ ਵਿਸ਼ਵ ਜੂਨੀਅਰ ਚੈਂਪੀਅਨ ਅਭਿਜੀਤ ਗੁਪਤਾ ਨੇ ਰਾਸ਼ਟਰਮੰਡਲ ਸ਼ਤਰੰਜ ਦੇ ਚੈਂਪੀਅਨ ਦਾ ਖ਼ਿਤਾਬ ਜਿੱਤਿਆ।

16 ਜੁਲਾਈ ਬਿਹਾਰ 'ਚ ਸਕੂਲੀ ਬੱਚਿਆਂ ਦੀ ਜ਼ਹਿਰੀਲਾ ਮਿਡ-ਡੇ-ਮੀਲ ਖਾਣਾ ਖਾਣ ਨਾਲ 23 ਦੀ ਮੌਤ।

18 ਜੁਲਾਈ ਪੰਜਾਬ ਵਿਚ 75 ਮਿਊਂਸਪਲ ਕਮੇਟੀਆਂ ਭੰਗ।

19 ਜੁਲਾਈ ਜਸਟਿਸ ਪੀ. ਸਦਾਸ਼ਿਵਮ ਨੇ ਭਾਰਤ ਦੇ ਚੀਫ਼ ਜਸਟਿਸ ਵਜੋਂ ਕਾਰਜਭਾਰ ਸੰਭਾਲਿਆ।

22 ਜੁਲਾਈ ਪੰਜਾਬ ਸਰਕਾਰ ਨੇ ਕਾਹਨ ਸਿੰਘ ਪਨੂੰ ਨੂੰ ਡੀ.ਜੀ.ਐਸ.ਈ. ਤੋਂ ਬਦਲ ਕੇ ਖੇਤੀਬਾੜੀ ਵਿਭਾਗ 'ਚ ਸਕੱਤਰ ਲਾਇਆ।

22 ਜੁਲਾਈ ਦੁਨੀਆਂ ਦੇ ਪ੍ਰਸਿੱਧ ਆਸਟਰੇਲਿਆਈ ਸਪਿੰਨਰ ਸ਼ੇਨ ਵਾਰਨ ਬਿੱਗ ਬੈਸ਼ ਨੇ ਟਵੰਟੀ-20 ਲੀਗ ਨੂੰ ਕਿਹਾ ਅਲਵਿਦਾ।

26 ਜੁਲਾਈ ਸ੍ਰੀ ਅਕਾਲ ਤਖ਼ਤ ਵਲੋਂ 84 ਦੇ ਸਿੱਖ ਕਤਲੇਆਮ ਦੀ ਯਾਦਗਾਰ ਬਣਾਉਣ ਵਿਰੁਧ ਸਰਨਾ ਨੂੰ ਕੇਸ ਵਾਪਸ ਲੈਣ ਦਾ ਹੁਕਮ।

30 ਜੁਲਾਈ ਭਾਰਤ ਦੇ ਜੰਮਪਲ ਅਤੇ ਕਾਰੋਬਾਰੀ ਮਮਨੂਨ ਹੁਸੈਨ ਪਾਕਿਸਤਾਨ ਦੇ ਨਵੇਂ ਰਾਸ਼ਟਰਪਤੀ ਹੋਣਗੇ।

31 ਜੁਲਾਈ ਭਾਖੜਾ ਨਹਿਰ ਵਿਚ ਬੱਸ ਡਿਗਣ ਨਾਲ 40 ਮੌਤਾਂ ਦਾ ਖਦਸ਼ਾ।

31 ਜੁਲਾਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਤਰਲੋਚਨ ਸਿੰਘ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ।

ਅਕਤੂਬਰ

1 ਅਕਤੂਬਰ ਰਾਜ ਸਭਾ ਮੈਂਬਰ ਤੇ ਕਾਂਗਰਸੀ ਆਗੂ ਰਸ਼ੀਦ ਮਸੂਦ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਚਾਰ ਸਾਲ ਦੀ ਕੈਦ।

4 ਅਕਤੂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸੁਪਰੀਮ ਕੋਰਟ ਦੇ ਅਗਲੇ ਹੁਕਮਾਂ ਤਕ ਸ. ਅਵਤਾਰ ਸਿੰਘ ਮੱਕੜ ਹੀ ਬਣੇ ਰਹਿਣਗੇ ਪ੍ਰਧਾਨ।

6 ਅਕਤੂਬਰ ਸਰਬੀਆ ਦਾ ਨੋਵਾਕ ਜੋਕੋਵਿਚ ਹੱਥੋਂ ਸਪੇਨ ਦੇ ਰਾਫੇਲ ਨਡਾਲ ਟੈਨਿਸ ਦਾ ਬਾਦਸ਼ਾਹ ਚਿੱਤ।

10 ਅਕਤੂਬਰ ਸ੍ਰੀਲੰਕਾ ਦੇ ਸਿਖਰਲੇ ਬੱਲੇਬਾਜ਼ ਤਿਲਕਰਤਨੇ ਦਿਲਸ਼ਾਨ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲਿਆ।

10 ਅਕਤੂਬਰ ਟ੍ਰਿਬਿਊਨ ਟਰੱਸਟ ਦੇ ਸਾਬਕਾ ਪ੍ਰਧਾਨ ਸ੍ਰੀ ਆਰ.ਐਸ. ਤਲਵਾੜ ਨਹੀਂ ਰਹੇ।

11 ਅਕਤੂਬਰ ਭਾਰਤੀ ਕ੍ਰਿਕਟ ਚਿਤੇਸ਼ਵਰ ਪੁਜਾਰਾ ਨੇ ਤੀਹਰਾ ਸੈਂਕੜਾ ਜੜ ਕੇ ਰਚਿਆ ਇਤਿਹਾਸ।

12 ਅਕਤੂਬਰ ਉੜੀਸਾ ਤੇ ਆਂਧਰਾ ਪ੍ਰਦੇਸ਼ 'ਚ ਮਹਾਂ ਤੂਫ਼ਾਨ ਦੀ ਮਾਰ ਨਾਲ ਸਵਾ ਪੰਜ ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ।

12 ਅਕਤੂਬਰ ਭਾਰਤ ਦੇ ਸਨਮ ਸਿੰਘ ਤੇ ਵਿਜੰਤ ਮਲਿਕ ਜੋੜੀ ਨੇ ਆਈ.ਟੀ.ਐਫ. ਟੈਨਿਸ ਡਬਲਜ਼ ਦਾ ਖ਼ਿਤਾਬ ਜਿਤਿਆ।

13 ਅਕਤੂਬਰ ਮੱਧ ਪ੍ਰਦੇਸ਼ ਦੇ ਦਾਤੀਆ ਜ਼ਿਲ੍ਹੇ ਦੇ ਇਕ ਮੰਦਰ ਦੇ ਬਾਹਰ ਭਗਦੜ ਨਾਲ 89 ਮੌਤਾਂ 100 ਜ਼ਖ਼ਮੀ।

13 ਅਕਤੂਬਰ ਰੈੱਡ ਬੁਲ ਦੇ ਸੈਬੇਸਟੀਅਨ ਵੈਟਲ ਨੇ ਜਪਾਨ ਗ੍ਰਾਂ ਪ੍ਰੀ ਫਾਰਮੂਲਾ ਵੰਨ ਰੇਸ ਜਿੱਤੀ।

14 ਅਕਤੂਬਰ ਭਾਰਤੀ ਟੇਬਲ ਟੈਨਿਸ ਫ਼ੈਡਰੇਸ਼ਨ ਦੇ ਸਾਬਕਾ ਪ੍ਰਧਾਨ ਰੰਗਰਾਮਾਨੁਜਨਮ ਦਾ ਦੇਹਾਂਤ।

15 ਅਕਤੂਬਰ ਫ਼ਿਲਪੀਨਜ਼ ਵਿਚ ਭੂਚਾਲ ਕਾਰਨ 85 ਮੌਤਾਂ, ਕਈ ਜ਼ਖ਼ਮੀ।

22 ਅਕਤੂਬਰ ਚਾਰਾ ਘੁਟਾਲੇ ਦੇ ਦੋਸ਼ੀ ਲਾਲੂ ਪ੍ਰਸ਼ਾਦ ਤੇ ਜਨਤਾ ਦਲ (ਯੂ) ਦੇ ਜਗਦੀਸ਼ ਸ਼ਰਮਾ ਲੋਕ ਸਭਾ ਤੋਂ ਬਰਖ਼ਾਸਤ।

25 ਅਕਤੂਬਰ ਪ੍ਰਸਿੱਧ ਗਾਇਕ ਮੰਨਾ ਡੇ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ।

27 ਅਕਤੂਬਰ ਗ੍ਰੇਟਰ ਨੋਇਡਾ ਵਿਚ ਇੰਡੀਅਨ ਫ਼ਾਰਮੂਲਾ-1 ਗ੍ਰਾਂ ਪ੍ਰੀ ਵਿਚ ਰੈਡਬੁਲ ਦੇ ਸੈਬੇਸਟੀਅਨ ਵੈਟਲ ਲਗਾਤਾਰ ਚੌਥੀ ਵਾਰ ਬਣਿਆ ਚੈਂਪੀਅਨ।

30 ਅਕਤੂਬਰ ਪੰਜਾਬ ਦੇ ਸਾਬਕਾ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਅਵਤਾਰ ਸਿੰਘ ਬਰਾੜ ਅਕਾਲੀ ਦਲ ਵਿਚ ਸ਼ਾਮਲ।

30 ਅਕਤੂਬਰ ਆਂਧਰਾ ਪ੍ਰਦੇਸ਼ ਦੇ ਮਹਿਬੂਬ ਨਗਰ ਜ਼ਿਲ੍ਹੇ ਵਿਚ ਬਸ ਨੂੰ ਅੱਗ ਲੱਗਣ ਨਾਲ 45 ਯਾਤਰੀ ਸੜ ਕੇ ਮਰੇ।

ਅਗੱਸਤ

2 ਅਗੱਸਤ ਤੇਲੰਗਾਨਾ ਦੇ ਵਿਰੋਧ 'ਚ ਆਂਧਰਾ ਪ੍ਰਦੇਸ਼ ਦੇ 13 ਸੰਸਦ ਮੈਂਬਰਾਂ ਵਲੋਂ ਅਸਤੀਫ਼ੇ।

5 ਅਗੱਸਤ ਕਾਂਗਰਸੀ ਆਗੂ ਤੇ ਸਾਬਕਾ ਵਿਧਾਇਕ ਅਜੀਤ ਸਿੰਘ ਸ਼ਾਂਤ ਅਕਾਲੀ ਦਲ ਵਿਚ ਸ਼ਾਮਲ।

6 ਅਗੱਸਤ ਮੁੱਖ ਆਰਥਕ ਸਲਾਹਕਾਰ ਰਘੁਰਾਮ ਰਾਜਨ ਰਿਜ਼ਰਵ ਬੈਂਕ ਦੇ ਨਵੇਂ ਗਵਰਨਰ ਨਿਯੁਕਤ।

7 ਅਗੱਸਤ ਤਰਨਜੀਤ ਸਿੰਘ ਸੰਧੂ ਤੀਜੀ ਵਾਰ ਵਾਸ਼ਿੰਗਟਨ 'ਚ ਭਾਰਤ ਦੇ ਸਫ਼ਾਰਤੀ ਸਟਾਫ਼ ਵਜੋਂ ਨਿਯੁਕਤ।

8 ਅਗੱਸਤ ਪਾਕਿਸਤਾਨ ਵਿਚ ਕੋਇਟਾ ਦੀ ਪੁਲਿਸ ਲਾਈਨ 'ਤੇ ਫ਼ਿਦਾਈਨ ਹਮਲਾ 38 ਮੌਤਾਂ, 50 ਜ਼ਖ਼ਮੀ।

10 ਅਗੱਸਤ ਆਈ.ਐਨ.ਐਸ. ਅਰਹਿੰਤ ਪਣਡੁੱਬੀ ਦਾ ਪ੍ਰਮਾਣੂ ਰਿਐਕਟਰ ਚਾਲੂ।

11 ਅਗੱਸਤ ਨਾਮਧਾਰੀ ਸੰਪਰਦਾ ਦੇ ਮੌਜੂਦਾ ਗੱਦੀਨਸ਼ੀਨ ਠਾਕਰ ਉਦੈ ਸਿੰਘ ਤੇ ਇੰਗਲੈਂਡ 'ਚ ਹਮਲਾ।

11 ਅਗੱਸਤ ਇਰਾਕ ਵਿਚ 16 ਕਾਰ ਬੰਬ ਧਮਾਕੇ 74 ਮੌਤਾਂ, 302 ਜ਼ਖ਼ਮੀ।

12 ਅਗੱਸਤ ਜੰਮੂ ਦੇ ਕਿਸ਼ਤਵਾੜ 'ਚ ਹਿੰਸਾ ਮਗਰੋਂ, ਗ੍ਰਹਿ ਰਾਜ ਮੰਤਰੀ ਸੱਜਾਦ ਕਿਚਲੂ ਨੇ ਦਿਤਾ ਅਸਤੀਫ਼ਾ।

15 ਅਗੱਸਤ ਗਿਆਨੀ ਮੱਲ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵੇਂ ਮੁੱਖ ਸੇਵਾਦਾਰ ਥਾਪੇ। ਗਿਆਨੀ ਜਗਤਾਰ ਸਿੰਘ ਨੂੰ ਦਰਬਾਰ ਸਾਹਿਬ ਦਾ ਐਡੀਸ਼ਨਲ ਹੈੱਡ ਗ੍ਰੰਥੀ ਲਗਾਇਆ।

18 ਅਗੱਸਤ ਜ਼ਿੰਬਾਬਵੇ ਦੇ ਤੇਜ਼ਬਾਜ਼ ਗੇਂਦਬਾਜ਼ ਕਾਈਲ ਜਾਰਵਿਸ ਨੇ ਕਾਊਂਟੀ ਤੇ ਵਿਸ਼ਵ ਪਧਰੀ ਟੀ-20 'ਚ ਕੈਰੀਅਰ ਬਣਾਉਣ ਲਈ ਕੌਮਾਂਤਰੀ ਕ੍ਰਿਕਟ ਨੂੰ ਆਖਿਆ ਅਲਵਿਦਾ।

19 ਅਗੱਸਤ ਬਿਹਾਰ ਦੇ ਖਗੜੀਆ ਜ਼ਿਲ੍ਹੇ ਦੇ ਧਮਾਰਾ ਰੇਲਵੇ ਸਟੇਸ਼ਨ ਉਤੇ 37 ਵਿਅਕਤੀਆਂ ਦੀ ਰੇਲ ਗੱਡੀ ਹੇਠ ਆ ਕੇ ਮੌਤ।

23 ਅਗੱਸਤ ਸਦਨ ਦੇ ਕੰਮਕਾਰ 'ਚ ਲਗਾਤਾਰ ਵਿਘਨ ਪਾਉਣ 'ਤੇ ਆਂਧਰਾ ਦੇ 12 ਲੋਕ ਸਭਾ ਮੈਂਬਰਾਂ ਨੂੰ 5 ਬੈਠਕਾਂ ਲਈ ਮੁਅੱਤਲ ਕੀਤਾ

23 ਅਗੱਸਤ ਇਰਾਕ ਵਿਚ ਬੰਬ ਧਮਾਕਿਆਂ ਦੌਰਾਨ 37 ਹਲਾਕ 64 ਜ਼ਖ਼ਮੀ।

27 ਅਗੱਸਤ ਪੌਪ ਸਿੰਗਰ ਦਲੇਰ ਮਹਿੰਦੀ ਆਖ਼ਰਕਾਰ ਦਿੱਲੀ ਕਾਂਗਰਸ ਵਿਚ ਸ਼ਾਮਲ ਹੋਏ।

28 ਅਗੱਸਤ ਗੁਜਰਾਤ ਦੇ ਵਦੋਦਰਾ ਵਿਚ ਦੋ ਜੁੜਵੀਆਂ ਇਮਾਰਤਾਂ ਡਿੱਗਣ ਕਾਰਨ 11 ਮੌਤਾਂ, 40 ਦਾ ਫਸੇ ਹੋਣ ਦਾ ਖਦਸ਼ਾ।

31 ਅਗੱਸਤ ਨਾਬਾਲਗ਼ ਸ਼ਰਧਾਲੂ ਲੜਕੀ ਨਾਲ ਬਲਾਤਕਾਰ ਦੀ ਸ਼ਿਕਾਇਤ ਤੇ ਸਾਧ ਆਸਾਰਾਮ ਗ੍ਰਿਫ਼ਤਾਰ ਤੇ ਪੁਛਗਿੱਛ ਅਰੰਭ।

ਨਵੰਬਰ

2 ਨਵੰਬਰ ਪਾਕਿਸਤਾਨ ਤਾਲਿਬਾਨ ਨੇ ਖ਼ਾਨ ਸੱਯਦ ਮਹਿਸੂਦ ਉਰਫ਼ ਸਜਨ ਨੂੰ ਅਪਣਾ ਨਵਾਂ ਮੁਖੀ ਚੁਣਿਆ।

4 ਨਵੰਬਰ ਲੱਖਾਂ ਭਾਰਤੀ ਤੇ ਪਾਕਿਸਤਾਨੀ ਸੰਗੀਤ ਪ੍ਰੇਮੀਆਂ ਦੀ ਚਹੇਤੀ ਪਾਕਿ ਲੋਕ ਗਾਇਕਾ ਰੇਸ਼ਮਾ ਦੇ ਦੇਹਾਂਤ।

5 ਨਵੰਬਰ ਆਂਧਰਾ ਪ੍ਰਦੇਸ਼ ਸ੍ਰੀਹਰੀਕੋਟ ਦੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਮੰਗਲਯਾਨ ਦੀ ਸਫ਼ਲਤਾ ਪੂਰਬਕ ਉਡਾਣ।

8 ਨਵੰਬਰ ਭਾਰਤ ਨੇ ਪ੍ਰਮਾਣੂ ਸਮਰੱਥਾ ਵਾਲੀ ਅਗਨੀ-1 ਮਿਜ਼ਾਈਲ ਦਾ ਕੀਤਾ ਸਫ਼ਲ ਪ੍ਰੀਖਣ।

9 ਨਵੰਬਰ ਮੱਧ ਫ਼ਿਲਪੀਨਜ਼ 'ਚ ਭਾਰੀ ਤੂਫ਼ਾਨ ਨੇ 1200 ਤੋਂ ਵੱਧ ਲੋਕਾਂ ਦੀ ਜਾਨ ਲਈ ਤੇ ਸੈਂਕੜੇ ਜ਼ਖ਼ਮੀ।

10 ਨਵੰਬਰ ਰੂਸ ਦੀ ਰਾਜਧਾਨੀ 'ਚ ਮਿਸ ਯੂਨੀਵਰਸ 2013 ਦਾ ਤਾਜ ਵੈਨਜ਼ੁਏਲਾ ਦੀ ਹੋਸਟ ਗੈਬਰੀਏਲਾ ਇਜ਼ਲਰ ਦੇ ਸਿਰ ਸਜਿਆ।

11 ਨਵੰਬਰ ਮਹਿਲਾ ਨਿਸ਼ਾਨੇਬਾਜ਼ ਹਿਨਾ ਸਿੱਧੂ ਨੇ ਜਰਮਨੀ ਦੇ ਮਿਊਨਿਖ ਵਿਚ ਆਈ.ਐਸ.ਐਸ.ਐਫ਼. ਵਿਸ਼ਵ ਕੱਪ ਵਿਚ ਸੋਨੇ ਦਾ ਤਮਗ਼ਾ ਜਿੱਤ ਕੇ ਇਤਿਹਾਸ ਸਿਰਜਿਆ।

12 ਨਵੰਬਰ ਪੰਜਾਬੀ ਕਹਾਣੀਕਾਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਤਲਵਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਦਾ ਸੜਕ ਹਾਦਸੇ 'ਚ ਦੇਹਾਂਤ।

16 ਨਵੰਬਰ ਮੁੰਬਈ ਦੇ ਵਾਨਖੇੜਾ ਸਟੇਡੀਅਮ ਵਿਚ ਭਾਰਤ ਦੇ ਮਾਸਟਰ ਬਲਾਸਟਰ ਸਚਿਨ ਤੇਂਦੁਲਕਰ ਨੇ ਕ੍ਰਿਕਟ ਤੋਂ ਲਿਆ ਸੰਨਿਆਸ ਤੇ ਉਸ ਨੂੰ ਸਰਬ ਉੱਚ ਪੁਰਸਕਾਰ ਭਾਰਤ ਰਤਨ ਦੇਣ ਦਾ ਐਲਾਨ।

18 ਨਵੰਬਰ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਚਰਨਦਾਸ ਸਿੱਧੂ ਦਾ ਦੇਹਾਂਤ।

18 ਨਵੰਬਰ ਵਿਸ਼ਵ ਚੈਂਪੀਅਨ ਸੈਬਸੇਟੀਅਨ ਵੈਟਲ ਨੇ ਅਮਰੀਕਾ ਗ੍ਰਾਂ ਪ੍ਰੀ ਫ਼ਾਰਮੂਲਾ ਵੰਨ ਰੇਸ ਦਾ ਵੈਟਲ ਬਣਿਆ ਬਾਦਸ਼ਾਹ।

19 ਨਵੰਬਰ ਦੇਸ਼ ਦੀ ਪਹਿਲੀ ਭਾਰਤੀ ਮਹਿਲਾ ਬੈਂਕ ਦਾ ਡਾ: ਮਨਮੋਹਨ ਸਿੰਘ ਨੇ ਕੀਤਾ ਉਦਘਾਟਨ।

22 ਨਵੰਬਰ ਨਾਰਵੇ ਦੇ ਮੈਗਨਸ ਕਾਰਲਸਨ ਨਵਾਂ ਵਿਸ਼ਵ ਸ਼ਤਰੰਜ ਚੈਂਪੀਅਨ ਬਣਿਆ।

25 ਨਵੰਬਰ ਪੰਜਾਬ ਦੇ ਮੁੱਖ ਮੰਤਰੀ ਵਲੋਂ ਤਲਵੰਡੀ ਸਾਬੋ ਥਰਮਲ ਪਲਾਂਟ ਤੋਂ ਬਿਜਲੀ ਉਤਪਾਦਨ ਸ਼ੁਰੂ।

30 ਨਵੰਬਰ ਇਕ ਮਹਿਲਾ ਪੱਤਰਕਾਰ ਨਾਲ ਛੇੜਖਾਨੀ ਦੇ ਦੋਸ਼ਾਂ ਵਿਚ ਘਿਰਿਆ ਤਹਿਲਕਾ ਦਾ ਸੰਪਾਦਕ ਤਰੁਣ ਤੇਜਪਾਲ ਗ੍ਰਿਫ਼ਤਾਰ।

30 ਨਵੰਬਰ ਚੌਥੇ ਵਿਸ਼ਵ ਕੱਬਡੀ ਕੱਪ ਦਾ ਬਠਿੰਡਾ ਦੇ ਸਟੇਡੀਅਮ ਵਿਚ ਸ਼ਾਹੀ ਆਗਾਜ਼।

ਸਤੰਬਰ

1 ਸਤੰਬਰ ਏਸ਼ੀਆ ਹਾਕੀ ਕੱਪ ਦਖਣੀ ਕੋਰੀਆ ਨੇ ਜਿਤਿਆ ਤੇ ਭਾਰਤ ਨੂੰ ਦੂਜੇ ਸਥਾਨ 'ਤੇ ਸਬਰ ਕਰਨਾ ਪਿਆ।

3 ਸਤੰਬਰ ਸੁਖਬੀਰ ਸਿੰਘ ਬਾਦਲ ਦੂਜੀ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁੜ ਦਲ ਦਾ ਸਰਪ੍ਰਸਤ ਥਾਪਿਆ।

5 ਸਤੰਬਰ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸਲਾਹਕਾਰ ਬਣੇ।

7 ਸਤੰਬਰ ਉਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਵਿਚ ਹਿੰਸਾ ਦੌਰਾਨ ਮੌਤਾਂ ਦੀ ਗਿਣਤੀ 31 ਤੇ 45 ਜ਼ਖ਼ਮੀ।

9 ਸਤੰਬਰ ਵਿਸ਼ਵ ਦੀ ਅੱਵਲ ਦਰਜਾ ਟੈਨਿਸ ਖਿਡਾਰਨ ਅਮਰੀਕਾ ਦੀ ਸੇਰੇਨਾ ਵਿਲੀਅਮਜ਼ ਨੇ ਯੂ.ਐਸ.ਓਪਨ ਟੈਨਿਸ ਦਾ ਖ਼ਿਤਾਬ ਅਪਣੇ ਨਾਂ ਕੀਤਾ। ਮਰਦਾਂ 'ਚ ਸਿੰਗਲਜ਼ ਖ਼ਿਤਾਬ ਨਡਾਲ ਨੇ ਜਿਤਿਆ।

10 ਸਤੰਬਰ ਦਿੱਲੀ ਗੈਂਗਰੇਪ ਵਿਚ 16 ਦਸੰਬਰ ਦੇ ਸਾਰੇ ਮੁਲਜ਼ਮ ਦੋਸ਼ੀ ਕਰਾਰ।

13 ਸਤੰਬਰ 16 ਦਸੰਬਰ ਨੂੰ ਵਾਪਰੇ ਦਿਲ ਦਹਿਲਾਊ ਸਮੂਹਕ ਬਲਾਤਕਾਰ ਅਤੇ ਕਤਲ ਕੇਸ ਦੇ ਚਾਰ ਮੁਲਾਜ਼ਮਾਂ ਨੂੰ ਸਜ਼ਾ-ਏ-ਮੌਤ ਦਾ ਹੁਕਮ।

13 ਸਤੰਬਰ ਭਾਰਤੀ ਜਨਤਾ ਪਾਰਟੀ ਵਲੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਲੋਕ ਸਭਾ ਚੋਣਾਂ ਲਈ ਅਪਣਾ ਪ੍ਰਧਾਨ ਮੰਤਰੀ ਲਈ ਉਮੀਦਵਾਰ 'ਤੇ ਲਾਈ ਮੋਹਰ।

15 ਸਤੰਬਰ ਭਾਰਤ ਨੇ ਪ੍ਰਮਾਣੂ ਲਿਜਾਣ ਦੀ ਸਮਰੱਥ ਅਪਣੀ ਦੂਜੀ ਬੈਲਿਸਟਿਕ ਮਿਜ਼ਾਈਲ ਅਗਨੀ-5 ਦਾ ਸਫ਼ਲ ਪ੍ਰੀਖਣ।

ਦਸੰਬਰ

1 ਦਸੰਬਰ ਰੋਜ਼ਾਨਾ ਸਪੋਕਸਮੈਨ ਲਗਾਤਾਰ, ਸਰਕਾਰੀ ਇਸ਼ਤਿਹਾਰਾਂ ਤੋਂ ਬਿਨਾਂ 20ਵੇਂ ਸਾਲ ਵਿਚ ਤੇ ਰੋਜ਼ਾਨਾ ਅਖ਼ਬਾਰ ਦੇ ਰੂਪ ਵਿਚ 9ਵੇਂ ਸਾਲ ਵਿਚ ਦਾਖ਼ਲ ਹੋਇਆ। ਜਨਵਰੀ 1994 ਤੋਂ 2005 ਤਕ ਮਾਸਕ ਦੇ ਰੂਪ ਵਿਚ ਸਪੋਕਸਮੈਨ ਅਪਣੀ ਮਰਜ਼ੀ ਨਾਲ ਇਹ ਐਲਾਨ ਕਰ ਕੇ ਸਰਕਾਰੀ ਇਸ਼ਤਿਹਾਰ ਨਾ ਲੈਂਦਾ ਰਿਹਾ ਕਿ ਰੋਜ਼ਾਨਾ ਬਣਨ ਤਕ ਇਹ ਸਰਕਾਰੀ ਇਸ਼ਤਿਹਾਰ ਨਹੀਂ ਲਵੇਗਾ ਤੇ 1 ਦਸੰਬਰ, 2005 ਮਗਰੋਂ, ਇਸ ਦੇ ਇਸ਼ਤਿਹਾਰ ਅਕਾਲ ਤਖ਼ਤ ਦੇ 'ਹੁਕਮਨਾਮੇ' ਦੀ ਆੜ ਵਿਚ ਬੰਦ ਕਰ ਦਿਤੇ ਗਏ ਜੋ ਅੱਜ ਤਕ ਬੰਦ ਹਨ। ਇਸ ਤਰ੍ਹਾਂ ਪੰਜਾਬੀ ਪੱਤਰਕਾਰੀ ਹੀ ਨਹੀਂ ਸਗੋਂ ਸੰਸਾਰ ਪੱਤਰਕਾਰੀ ਵਿਚ ਵੀ ਰੋਜ਼ਾਨਾ ਸਪੋਕਸਮੈਨ ਨੇ ਇਕ ਨਵਾਂ ਰੀਕਾਰਡ ਸਥਾਪਤ ਕੀਤਾ ਹੈ।

3 ਦਸੰਬਰ ਭਾਰਤ ਦੇਸ਼ ਅੰਦਰ ਹੀ ਵਿਕਸਤ ਕੀਤੀ ਪ੍ਰਿਥਵੀ-2 ਮਿਜ਼ਾਈਲ ਦੀ ਸਫ਼ਲ ਅਜ਼ਮਾਇਸ਼।

4 ਦਸੰਬਰ ਸੂਰਤ ਵਿਚ ਜਬਰ ਜਨਾਹ ਦੇ ਇਕ ਮਾਮਲੇ 'ਚ 58 ਦਿਨਾਂ ਤੋਂ ਵੱਖ-2 ਸੂਬਿਆਂ 'ਚ ਲੁਕ ਰਹੇ ਤੇ ਇਨਾਮੀ ਭਗੌੜੇ ਆਸਾਰਾਮ ਦੇ ਪੁੱਤਰ ਨਰਾਇਣ ਸਾਈਂ ਗ੍ਰਿਫ਼ਤਾਰ।

5 ਦਸੰਬਰ ਕੇਂਦਰੀ ਕੈਬਨਿਟ ਨੇ ਆਂਧਰਾ ਪ੍ਰਦੇਸ਼ ਦੇ 10 ਜ਼ਿਲ੍ਹਿਆਂ ਨੂੰ ਮਿਲਾ ਕੇ ਅਲੱਗ ਤਿਲੰਗਾਨਾ ਰਾਜ ਬਣਾਉਣ ਤੇ ਮੋਹਰ ਲਗਾਈ।

6 ਦਸੰਬਰ ਦਖਣੀ ਅਫ਼ਰੀਕੀ ਆਗੂ ਤੇ ਸੰਘਰਸ਼ ਦੇ ਪ੍ਰਤੀਕ ਨੈਲਸਨ ਮੰਡੇਲਾ ਦਾ ਦੇਹਾਂਤ।

6 ਦਸੰਬਰ ਟ੍ਰਿਬਿਊਨ ਕੱਪ ਟੈਨਿਸ ਚੈਂਪੀਅਨਸ਼ਿਪ ਵਿਚ ਰਿੰਪਲਦੀਪ ਕੌਰ ਤੇ ਕੁਨਾਲ ਆਨੰਦ ਬਣੇ ਚੈਂਪੀਅਨ।

8 ਦਸੰਬਰ 3 ਰਾਜਾਂ 'ਚ ਭਾਜਪਾ ਦੀ ਝੰਡੀ, ਦਿੱਲੀ 'ਚ ਆਮ ਆਦਮੀ ਨੇ ਬਦਲਿਆ ਰਾਜਨੀਤਿਕ ਦ੍ਰਿਸ਼ ਤੇ ਕਾਂਗਰਸ ਹੋਈ ਹਰ ਪਾਸੇ ਚਿੱਤ।

8 ਦਸੰਬਰ ਪੰਜਾਬ ਦੇ ਮੁੱਖ ਮੰਤਰੀ ਨੇ ਰਾਜਪੁਰਾ ਥਰਮਲ ਪਲਾਂਟ ਦੇ ਪਹਿਲੇ ਫ਼ੇਜ਼ ਦਾ ਕੀਤਾ ਉਦਘਾਟਨ।

11 ਦਸੰਬਰ ਸੁਪਰੀਮ ਕੋਰਟ ਨੇ ਹਮਜਿਨਸੀ ਸਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ 'ਚ ਰੱਖਣ ਵਾਲੀ ਦੰਡ ਵਿਧਾਨ ਦੀ ਸਭਾ ਨੂੰ ਸੰਵਿਧਾਨਕ ਕਰਾਰ ਦਿਤਾ।

12 ਦਸੰਬਰ ਭਾਰਤੀ ਮਹਿਲਾ ਟੀਮ ਚੌਥੇ ਵਿਸ਼ਵ ਕਬੱਡੀ ਕੱਪ 2013 'ਚ ਨਿਊਜ਼ੀਲੈਂਡ ਨੂੰ ਹਰਾ ਕੇ ਤੀਜੀ ਵਾਰ ਬਣੀ ਚੈਂਪੀਅਨ।

14 ਦਸੰਬਰ ਭਾਰਤ ਦੀ ਮਰਦ ਟੀਮ ਚੌਥੇ ਵਿਸ਼ਵ ਕਬੱਡੀ ਕੱਪ ਵਿਚ ਪਾਕਿਸਤਾਨ ਨੂੰ ਹਰਾ ਕੇ ਬਣੀ ਚੈਂਪੀਅਨ।

15 ਦਸੰਬਰ ਕੇਂਦਰੀ ਕਿਰਤ ਮੰਤਰੀ ਸੀਸ ਰਾਮ ਓਲਾ ਦਾ ਲੰਬੀ ਬੀਮਾਰੀ ਕਾਰਨ ਦੇਹਾਂਤ।

16 ਦਸੰਬਰ ਪੰਜਾਬੀ ਗਾਇਕਾ ਮਿਸ ਪੂਜਾ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ।

16 ਦਸੰਬਰ 77 ਸਾਲਾਂ ਵਿਚ ਵਿੰਬਲਡਨ ਜਿੱਤਣ ਵਾਲੇ ਪਹਿਲੇ ਬ੍ਰਿਟਿਸ਼ ਟੈਨਿਸ ਖਿਡਾਰੀ ਐਂਡੀ ਮੱਰੇ ਨੂੰ ਬੀਬੀਸੀ ਸਰਬਉੱਚ ਖੇਡ ਸ਼ਖ਼ਸੀਅਤ ਪੁਰਸਕਾਰ ਨਾਲ ਨਿਵਾਜਿਆ।

17 ਦਸੰਬਰ ਕਰੀਬ ਸਾਢੇ ਚਾਰ ਦਹਾਕਿਆਂ ਤੋਂ ਲਮਕਦਾ ਆ ਰਿਹਾ ਇਤਿਹਾਸਕ ਭ੍ਰਿਸ਼ਟਾਚਾਰ ਰੋਕੂ ਅਹਿਮ ਬਿੱਲ, ਲੋਕਪਾਲ ਰਾਜ ਸਭਾ ਵਿਚ ਪਾਸ ਤੇ ਅਗਲੇ ਦਿਨ ਲੋਕ ਸਭਾ ਵਿਚ ਵੀ ਬਿੱਲ ਉਪਰ ਲਾਈ ਗਈ ਮੋਹਰ।